## 8

### ਸਵਾਲ:

# ''ਸ਼ੁਰੂਆਤ ਵੇਲੇ ਕਲੀਸੀਆ ਕਿਹੋ ਜਿਹੀ ਸੀ ?''

### ਜਵਾਬ:

ਜ਼ਿੰਦਗੀ ਦੇ ਹਰ ਖੇਤਰ ਵਿਚ ਇਕ ਮਾਡਲ ਜਾਂ ਨਮੂਨੇ ਦੀ ਲੋੜ ਪੈਂਦੀ ਹੈ। ਉਦਾਹਰਣ ਲਈ ਵਕਤ ਨੂੰ ਜਾਣਨ ਲਈ ਅਸੀਂ ਆਪਣੀ ਘੜੀ ਦੇ ਇਤਿਹਾਸ ਤੇ ਨਿਰਭਰ ਨਹੀਂ ਰਹਿ ਸਕਦੇ। ਇਹ ਕਹਿਣਾ ਕਿ ''ਇਹ ਘੜੀ ਸਕਾਟਲੈਂਡ ਵਿਚ ਵੱਸਦੇ ਮੇਰੇ ਦਾਦੇ ਦੀ ਹੈ,'' ਇਹ ਗਰੰਟੀ ਨਹੀਂ ਦਿੰਦਾ ਕਿ ਇਹ ਸਹੀ ਸਮਾਂ ਵੀ ਦੱਸੇਗੀ। ''ਸਕਾਟਲੈਂਡ ਵਿਚ ਵੱਸਦਾ ਮੇਰਾ ਦਾਦਾ ਇਸ ਕਲੀਸੀਆ ਦਾ ਮੈਂਬਰ ਸੀ'' ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਉਹ ਨਵੇਂ ਨੇਮ ਦੀ ਕਲੀਸੀਆ ਵਿਚ ਹੀ ਹੈ। ਸਮਾਂ ਵੇਖਣ ਦਾ ਇੱਕੋ ਇਕ ਭਰੋਸੇਯੋਗ ਵਸੀਲਾ ਸਿਰਫ਼ ਖ਼ੁਦਾ ਦਾ ਸੂਰਜ ਹੀ ਹੈ। ਅਮਰੀਕਾ ਵਿਚ ਸੂਰਜ ਨਾਲ ਮਿਲਾਏ ਰੋਜ਼ ਦੇ ਸਮੇਂ ਤੇ ਸਿਗਨਲ ਵਰਜੀਨੀਆ ਰਾਜ ਦੇ ਆਰਲਿੰਗਟਨ ਵਿਚ ਸਮੁੰਦਰੀ ਪ੍ਰੇਖਣਸ਼ਾਲਾ ਤੋਂ ਫ਼ਲੈਸ਼ ਕੀਤੇ ਜਾਂਦੇ ਹਨ ਅਤੇ ਸਭ ਘੜੀਆਂ ਦਾ ਸਮਾਂ ਉਨ੍ਹਾਂ ਸਿਗਨਲਾਂ ਨਾਲ ਮਿਲਾਇਆ ਜਾ ਸਕਦਾ ਹੈ।

ਹਰ ਖ਼ਰੀਦਾਰ ਜਾਣਨਾ ਚਾਹੁੰਦਾ ਹੈ ਕਿ ਇਕ ਕਿੱਲੋ ਚੌਲਾਂ ਦੇ ਪੈਕਟ ਵਿਚ ਹਜ਼ਾਰ ਗ੍ਰਾਮ ਚੌਲ ਹਨ ਜਾਂ ਨਹੀਂ ਜਾਂ ਇਕ ਗਜ਼ ਕੱਪੜੇ ਵਿਚ ਛੱਤੀ ਇੰਚ ਹਨ ਵੀ ਜਾਂ ਨਹੀਂ। ਉਦਾਹਰਣ ਲਈ ਵਾਸ਼ਿੰਗਟਨ ਡੀ. ਸੀ. ਵਿਚਲੇ ਦ ਬਿਊਰੋ ਆਫ਼ ਸਟੈਂਡਰਡਜ਼ ਦੇ ਨੇੜੇ ਇਕ ਤਹਿਖਾਨੇ ਵਿਚ 3.28 ਫੁੱਟ ਲੰਮਾ ਨੈਸ਼ਨਲ ਪ੍ਰੋਟੋਟਾਈਪ ਮੀਟਰ ਅਤੇ 2204 ਪੌਂਡ ਵਜ਼ਨੀ ਨੈਸ਼ਨਲ ਪ੍ਰੋਟੋਟਾਈਟ ਕਿੱਲੋਗ੍ਰਾਮ ਹੈ। ਅਮਰੀਕਾ ਨੂੰ ਫ਼੍ਰਾਸੀਸੀ ਸਰਕਾਰ ਵੱਲੋਂ ਗਿਫ਼ਟ ਮਿਲੇ ਇਹ ਮਾਡਲ 90 ਫ਼ੀਸਦੀ ਪਲੈਟੀਨਮ ਅਤੇ 10 ਫ਼ੀਸਦੀ ਇਰੀਡੀਅਮ ਨਾਲ ਬਣੇ ਹਨ, ਕਿਉਂਕਿ ਇਹ ਧਾਤਾਂ ਬਹੁਤ ਘੱਟ ਸੁੰਗੜਦੀਆਂ ਜਾਂ ਫੈਲਦੀਆਂ ਹਨ। ਇਨ੍ਹਾਂ ਮਾਡਲਾਂ ਤੋਂ ਉੱਪਰ ਕੋਈ ਵੀ ਮਾਪਕ ਸਹੀ ਨਹੀਂ ਹੋਵੇਗਾ।

ਇਸੇ ਤਰ੍ਹਾਂ ਧਰਮ ਵਿਚ ਨਾ ਬਦਲਣ ਵਾਲਾ ਪੱਕਾ ਪੈਮਾਨਾ ਹੋਣਾ ਲਾਜ਼ਮੀ ਹੈ! ਖ਼ੁਦਾ ਨੇ ਆਦਰਸ਼ ਕਲੀਸੀਆ ਦੀ ਸਰਵੋਤਮ ਅਹਿਮੀਅਤ ਨੂੰ ਸਮਝਿਆ ਅਤੇ ਉਸ ਨੇ ਉਹ ਕਲੀਸੀਆ ਬਣਾਈ ਹੈ ਜੋ ਅੱਜ ਵੀ ਵੇਖੀ ਜਾ ਸਕਦੀ ਹੈ, ਤਾਂ ਜੋ ਸਭ ਕਲੀਸੀਆਵਾਂ ਆਪਣੇ ਆਪ ਨੂੰ ਢਾਲ ਕੇ ਇਹਦੇ ਮੁਤਾਬਿਕ ਬਣਾ ਸਕਣ। ਖ਼ੁਦਾ ਦੀ ਕਲੀਸੀਆ ਦੇ ਮਾਡਲ ਜਾਂ ਨਮੂਨੇ ਦਾ ਉਹ ਸਟੈਂਡਰਡ ਵਾਸ਼ਿੰਗਟਨ ਜਾਂ ਕਿਸੇ ਹੋਰ ਸ਼ਹਿਰ ਵਿਚਲੇ ਬਿਊਰੋ ਵੱਲੋਂ ਸੁਰੱਖਿਅਤ ਤਾਲਾਬੰਦ ਨਹੀਂ ਰੱਖਿਆ ਜਾਂਦਾ। ਖ਼ੁਦਾ ਵੱਲੋਂ ਦਿੱਤਾ ਮਾਡਲ ਕਦੇ ਨਾ ਖ਼ਤਮ ਹੋਣ ਵਾਲੀ ਬਾਈਬਲ ਵਿਚ ਹੈ। ਅਕਾਸ਼ ਅਤੇ ਧਰਤੀ ਭਾਵੇਂ ਜਾਂਦੇ ਰਹਿਣ, ਪਰ ਉਸ ਮਾਡਲ ਦੀ ਤਸਵੀਰ ਹਮੇਸ਼ਾ ਰਹੇਗੀ। ਮਨੁੱਖਾਂ ਦੀਆਂ ਰੀਤਾਂ ਬਦਲਦੀਆਂ ਰਹਿਣਗੀਆਂ ਪਰ ਖ਼ੁਦਾ ਦੀ ਕਲੀਸੀਆ ਉਹੀ ਰਹੇਗੀ। ਪਲੈਟੀਨਮ ਅਤੇ ਇਰੀਡੀਅਮ (ਇਕ ਸਫ਼ੇਦ ਧਾਤ) ਬੜੀ ਚੌਕਸੀ ਨਾਲ ਰੱਖਣ ਦੇ ਬਾਵਜੂਦ ਥੋੜ੍ਹਾ ਥੋੜ੍ਹਾ ਬਦਲ ਸਕਦੀਆਂ ਹਨ; ਪਰ ਬਾਈਬਲ ਉੱਤੇ ਨਾ ਤਾਂ

ਠੰਡ ਦਾ ਅਸਰ ਹੁੰਦਾ ਹੈ ਅਤੇ ਨਾ ਹੀ ਗਰਮੀ ਦਾ, ਨਾ ਸਰਕਾਰਾਂ ਦੇ ਡਿੱਗਣ ਅਤੇ ਨਾ ਯੁਗਾਂ ਦੇ ਬੀਤਣ ਦਾ। ਮਨੁੱਖ ਦੇ ਸਟੈਂਡਰਡ ਵਿਚ ਖਾਮੀਆਂ ਹਨ ਪਰ ਖ਼ੁਦਾ ਨੇ ਆਪਣੇ ਮਾਡਲ ਨੂੰ ''ਅਜ਼ਾਦੀ ਦੀ ਪੂਰੀ ਸ਼ਰ੍ਹਾ'' (ਯਾਕੂਬ 1:25) ਆਖਿਆ ਹੈ।

ਜੇ ਕੋਈ ਮਾਡਲ ਆਦਮੀ ਭਾਵ ਉਸ ਸਟੈਂਡਰਡ ਨੂੰ ਲੱਭਣਾ ਚਾਹੇ ਜਿਸ ਨਾਲ ਦੂਜੇ ਲੋਕ ਆਪਣੇ ਆਪ ਨੂੰ ਮਿਲਾ ਸਕਣ, ਤਾਂ ਸੰਜੀਦਗੀ ਨਾਲ ਕੀਤੀ ਗਈ ਜਾਂਚ ਤੋਂ ਪਤਾ ਲਗਦਾ ਹੈ ਕਿ ''ਇੰਜੀਲ ਦੀਆਂ ਚਾਰੇ ਕਿਤਾਬਾਂ ਭਾਵ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਕੋਲ ਜਾਓ ਅਤੇ ਉਸ ਨੂੰ ਲੱਭੋ।'' ਜੇ ਆਦਰਸ਼ ਕਲੀਸੀਆ ਲੱਭਣੀ ਹੋਵੇ ਤਾਂ ਚਾਹੀਦਾ ਹੈ ਕਿ ਕਲੀਸੀਆ ਨੂੰ ਮਨੁੱਖਾਂ ਦੀਆਂ ਰੀਤਾਂ ਅਤੇ ਸਿੱਖਿਆਵਾਂ ਨਾਲ ਗੰਦਾ ਅਤੇ ਭ੍ਰਸ਼ਟ ਕੀਤੇ ਜਾਣ ਤੋਂ ਪਹਿਲਾਂ ਸ਼ੁਰੂ ਵਿਚਲੇ ਇਸ ਦੇ ਵਜੂਦ ਵਿਚ ਵੇਖੋ। ਸ਼ੁਰੂਆਤ ਵਿਚ ਕਲੀਸੀਆ ਦੇ ਵਜੂਦ ਦੀ ਕਹਾਣੀ ਰਸੂਲਾਂ ਦੇ ਕੰਮ ਕਿਤਾਬ ਵਿਚ ਮਿਲਦੀ ਹੈ।

## ਕਲੀਸੀਆ ਵਿਚ ਦਾਖਲੇ ਲਈ ਖ਼ੁਦਾ ਦਾ ਨਮੂਨਾ

ਕਲੀਸੀਆ ਵਿਚ ਆਉਣ ਲਈ ਖ਼ੁਦਾ ਦੀ ਕਲੀਸੀਆ ਵਿਚ ਦਾਖ਼ਲੇ ਦਾ ਕੀ ਨਿਯਮ ਹੈ? ਬੱਦਲਾਂ ਵਿੱਚੋਂ ਦੀ ਆਪਣੇ ਪਿਤਾ ਕੋਲ ਉੱਪਰ ਉਠਾਏ ਜਾਣ ਤੋਂ ਪਹਿਲਾਂ, ਯਿਸੂ ਮਸੀਹ ਦੀ ਹਦਾਇਤ ਪਾਏ ਰਸੂਲ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਦੀ ਉਡੀਕ ਕਰਨ ਲਈ ਯਰੂਸ਼ਲਮ ਵਿਚ ਚਲੇ ਗਏ ਸਨ। ਖ਼ੁਦਾ ਦੇ ਆਤਮਾ ਦੇ ਆਉਣ ਤੇ ਉਹ ਸੱਭੇ ਇਕ ਮਨ ਹੋ ਕੇ ਇੱਕੋ ਥਾਂ ਜਮ੍ਹਾ ਹੋ ਗਏ ਸਨ। ਉਨ੍ਹਾਂ ਨੂੰ ਇਸ ਗੱਲ ਦੀ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ ਸੀ ਕਿ ਕੀ ਕਹਿਣਾ ਹੈ ਜਾਂ ਕੀ ਪ੍ਰਚਾਰ ਕਰਨਾ ਹੈ, ਕਿਉਂ ਜੋ ਖ਼ੁਦਾ ਦੇ ਆਤਮਾ ਨੇ ਬੋਲ ਉਨ੍ਹਾਂ ਦੇ ਮੂੰਹਾਂ ਵਿਚ ਪਾ ਦੇਣੇ ਸਨ। ਉਹ ਅੱਜ ਦੇ ਸਭ ਪ੍ਰਚਾਰਕਾਂ ਨਾਲੋਂ ਇਸ ਗੱਲ ਵਿਚ ਫ਼ਰਕ ਸਨ ਕਿ ਗੱਲਾਂ ਕਰਦਿਆਂ ਅਤੇ ਸਿੱਖਿਆ ਦਿੰਦਿਆਂ ਉਹ ਕੋਈ ਗਲਤੀ ਨਹੀਂ ਕਰ ਸਕਦੇ ਸਨ, ਕਿਉਂਕਿ ਖ਼ੁਦਾ ਦਾ ਆਤਮਾ ਗਲਤੀ ਨਹੀਂ ਕਰ ਸਕਦਾ। ਇਸ ਤਰ੍ਹਾਂ ਅਸੀਂ ਦੋ ਹਜ਼ਾਰ ਸਾਲ ਪਹਿਲਾਂ ਦਿੱਤੇ ਇਸ ਨਮੂਨੇ ਦਾ ਅਧਿਐਨ ਕਰਨ ਦੀ ਅਹਿਮੀਅਤ ਨੂੰ ਵੇਖਦੇ ਹਾਂ। ਜਿਹੜੀ ਗੱਲ ਖ਼ੁਦਾ ਚਾਹੁੰਦਾ ਹੈ ਕਿ ਲੋਕਾਂ ਨੂੰ ਦੱਸੀ ਜਾਵੇ ਉਹ ਯਕੀਨੀ ਤੌਰ ਤੇ ਆਤਮਾ ਦੇ ਰਾਹੀਂ ਹਰ ਗੱਲ ਵਿਚ ਅਗਵਾਈ ਪਾਉਣ ਵਾਲੇ ਇਨ੍ਹਾਂ ਪ੍ਰਚਾਰਕਾਂ ਨੇ ਕੀਤੀ ਸੀ। ਕਲੀਸੀਆ ਵਿਚ ਦਾਖਲੇ ਦੀਆਂ ਸ਼ਰਤਾਂ ਬਾਰੇ ਖ਼ੁਦਾ ਦੀ ਪ੍ਰੇਰਣਾ ਪਾਏ ਉਨ੍ਹਾਂ ਪ੍ਰਚਾਰਕਾਂ ਨੇ ਲੋਕਾਂ ਨੂੰ ਕੀ ਦੱਸਿਆ ਸੀ?

### ਯਿਸੂ ਮਸੀਹ ਦਾ ਪ੍ਰਚਾਰ

ਪਹਿਲਾਂ ਤਾਂ ਇਹ ਵੇਖੋ ਕਿ ਖ਼ੁਦਾ ਦੀ ਪ੍ਰੇਰਣਾ ਪਾਏ ਇਨ੍ਹਾਂ ਲੋਕਾਂ ਨੇ ਕੀ *ਪ੍ਰਚਾਰ* ਕੀਤਾ। ਉਹ ਬੱਚਿਆਂ ਨਾਲ ਗੱਲਾਂ ਨਹੀਂ ਕਰ ਰਹੇ ਸਨ, ਨਾ ਹੀ ਉਨ੍ਹਾਂ ਦੀਆਂ ਗੱਲਾਂ ਕਿਸੇ ਅਜਿਹੇ ਆਦਮੀ ਲਈ ਸਨ ਜਿਹੜਾ ਉਨ੍ਹਾਂ ਨੂੰ ਮੰਨ ਕੇ ਆਪ ਉਨ੍ਹਾਂ ਉੱਤੇ ਅਮਲ ਨਾ ਕਰ ਸਕੇ। ਉਹ ਆਪਣੇ ਮੂੰਹ ਦੇ ਬੋਲਾਂ ਨਾਲ ਜ਼ਿੰਮੇਵਾਰ ਲੋਕਾਂ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਸਨ। ਲੋਕ ਆਪਣੇ ਬਚਾਏ ਜਾਣ ਲਈ ਆਤਮਾ ਦੇ ਵਹਾਏ ਜਾਣ ਦੀ ਉਡੀਕ ਨਹੀਂ ਕਰ ਰਹੇ ਸਨ। ਜੇ ਅਜਿਹਾ ਹੁੰਦਾ ਤਾਂ ਪ੍ਰਚਾਰ ਕਰਨ ਦੀ ਕੋਈ ਲੋੜ ਨਹੀਂ ਹੋਣੀ ਸੀ, ਕਿਉਂਕਿ ਖ਼ੁਦਾ ਬੇਕਾਰ ਗੱਲਾਂ ਵਿਚ ਵਕਤ ਖ਼ਰਾਬ ਨਹੀਂ ਕਰਦਾ। ਪ੍ਰਚਾਰ ਕੀਤੇ ਜਾਣ ਦੀ ਲੋੜ ਉਸ ਵਕਤ ਵੀ ਸੀ ਅਤੇ ਅੱਜ ਵੀ ਹੈ। ਲੋਕਾਂ ਦੇ ਬਚਾਏ ਜਾਣ ਲਈ ਖ਼ੁਦਾ ਦੀ ਯੋਜਨਾ ਇੰਜੀਲ ਦਾ ਸੰਦੇਸ ਸੁਣਾਏ ਜਾਣ ਤੇ ਅਧਾਰਿਤ ਹੈ (1 ਕੁਰਿੰਥੀਆਂ 1:21; ਰੋਮੀਆਂ 10:13, 14)। ਬਿਨਾਂ ਵਚਨ ਸੁਣਾਏ ਕੋਈ ਬਚਾਇਆ ਨਹੀਂ ਜਾ ਸਕਦਾ, ਇਸ ਕਰਕੇ ਮਸੀਹ ਨੇ ਇਸੇ ਕੰਮ ਵਾਸਤੇ ਆਪਣੇ ਰਸੂਲਾਂ ਨੂੰ ਬੜੀ ਚੌਕਸੀ ਨਾਲ ਸਿਖਲਾਈ ਦਿੱਤੀ।

ਉਨ੍ਹਾਂ ਨੇ ਕੀ ਪ੍ਰਚਾਰ ਕੀਤਾ? ਰਸੂਲਾਂ ਦੇ ਕੰਮ 2 ਅਧਿਆਇ ਵਿਚ ਪੈਂਟਿਕਾਸਟ ਵਾਲੇ ਦਿਨ ਪਤਰਸ ਦਾ ਪਹਿਲਾ ਇੰਜੀਲੀ ਉਪਦੇਸ਼ ਪੜ੍ਹਨ ਨੂੰ ਮਿਲਦਾ ਹੈ:

ਹੇ ਇਸਰਾਏਲੀਓ ਇਹ ਗੱਲਾਂ ਸੁਣੋ ਕਿ ਯਿਸੂ ਨਾਸਰੀ ਇਕ ਮਨੁੱਖ ਸੀ ਜਿਹ ਦੇ ਸਤ ਹੋਣ ਦਾ ਪ੍ਰਮਾਣ ਪਰਮੇਸ਼ੁਰ ਦੀ ਵੱਲੋਂ ਉਨ੍ਹਾਂ ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨੀਆਂ ਨਾਲ ਤੁਹਾਨੂੰ ਦਿੱਤਾ ਗਿਆ ਜੋ ਪਰਮੇਸ਼ੁਰ ਨੇ ਉਸ ਦੇ ਹੱਥੀਂ ਤੁਹਾਡੇ ਵਿਚ ਵਿਖਾਲੀਆਂ, ਜਿਹਾ ਤੁਸੀਂ ਆਪ ਜਾਣਦੇ ਹੋ। ਉਸੇ ਨੂੰ ਜਦ ਪਰਮੇਸ਼ੁਰ ਦੀ ਠਹਿਰਾਈ ਹੋਈ ਮੱਤ ਅਤੇ ਅਗੰਮ ਗਿਆਨ ਦੇ ਅਨੁਸਾਰ ਹਵਾਲੇ ਕੀਤਾ ਗਿਆ ਤੁਸਾਂ ਬੁਰਿਆਰਾਂ ਦੇ ਹੱਥੀਂ ਸਲੀਬ ਦੇ ਕੇ ਮਰਵਾ ਦਿੱਤਾ। ਉਸੇ ਨੂੰ ਪਰਮੇਸ਼ੁਰ ਨੇ ਕਾਲ ਦੇ ਬੰਧਨ ਖੋਲ੍ਹ ਕੇ ਜਿਵਾਲਿਆ ਕਿਉਂ ਜੋ ਇਹ ਅਣਹੋਣਾ ਸੀ ਕਿ ਉਹ ਉਸ ਦੇ ਵੱਸ ਵਿਚ ਰਹੇ।
... ਨਾ ਉਹ ਪਤਾਲ ਵਿਚ ਛੱਡਿਆ ਗਿਆ ਅਤੇ ਨਾ ਉਸ ਦਾ ਸਰੀਰ ਗਲਿਆ। ... ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਕਿ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਓਸੇ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ (ਆਇਤਾਂ 22–36)।

ਜਦ ਆਤਮਾ ਦੀ ਪ੍ਰੇਰਣਾ ਪਾਏ ਪ੍ਰਚਾਰਕ ਨੇ ਇਨ੍ਹਾਂ ਠੋਸ ਅਤੇ ਜਲਾਲੀ ਤੱਥਾਂ ਦਾ ਐਲਾਨ ਕੀਤਾ ਤਾਂ ਭੀੜ ਵਿਚ ਸੁਣਨ ਵਾਲਿਆਂ ''ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ?'' (ਆਇਤ 37)। ਉਸ ਸੰਜੀਦਾ ਅਤੇ ਆਪਣੇ ਅੰਦਰ ਝਾਤੀ ਮਾਰਨ ਵਾਲੇ ਸਵਾਲ ਦੇ ਜਵਾਬ ਵਿਚ ਪ੍ਰਚਾਰਕਾਂ ਨੇ ਕੀ ਕਿਹਾ?

**ਇੰਜੀਲ ਦਾ ਹੁਕਮ ਮੰਨਣਾ**

ਖ਼ੁਦਾ ਦੇ ਪ੍ਰਚਾਰਕਾਂ ਨੇ ਲੋਕਾਂ ਨੂੰ ਨਾ ਸਿਰਫ਼ ਮੁਰਦਿਆਂ ਵਿੱਚੋ ਜੀ ਉੱਠਣ ਭਾਵ ਸਾਰੀ ਸਰਿਸ਼ਟੀ ਦੇ ਪਹਿਲੌਠੇ ਦੀ ਖੁਸ਼ਖ਼ਬਰੀ ਸੁਣਾਈ ਬਲਕਿ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬਚਾਏ ਜਾਣ ਲਈ ਕੀ ਕਰਨਾ ਹੈ। ਉਨ੍ਹਾਂ ਪ੍ਰਚਾਰਕਾਂ ਦਾ ਮੰਨਣਾ ਸੀ ਕਿ ਯਿਸੂ ਸਭ ਦੇ ਲਈ ਮਰਿਆ ਹੈ, ਪਰ ਉਨ੍ਹਾਂ ਨੂੰ ਇਹ ਨਹੀਂ ਲੱਗਾ ਕਿ ਇਹੀ ਕਾਫ਼ੀ ਹੈ, ਉਨ੍ਹਾਂ ਨੂੰ ਲੱਗਾ ਕਿ ਲੋਕਾਂ ਨੂੰ ਭਾਵੇਂ ਉਹ ਆਦਮੀ ਹੋਣ ਜਾਂ ਔਰਤਾਂ, ਉਸ ਦੀ ਕੁਰਬਾਨੀ ਦਾ ਪਤਾ ਹੋਣਾ ਜ਼ਰੂਰੀ ਹੈ। ਇਸ ਕਰਕੇ ਉਨ੍ਹਾਂ ਨੇ ਉਨ੍ਹਾਂ ਨੂੰ ਸਲੀਬ ਦੀ ਕਹਾਣੀ ਹੀ ਦੱਸੀ। ਰਸੂਲਾਂ ਦਾ ਇਹ ਮੰਨਣਾ ਬਿਲਕੁਲ ਨਹੀਂ ਸੀ ਕਿ ਜ਼ਿੰਦਗੀ ਭਾਵੇਂ ਕਿਹੋ ਜਿਹੀ ਹੀ ਹੋਵੇ ਜਾਂ ਅਮਲ ਭਾਵੇਂ ਕਿਹੋ ਜਿਹਾ ਹੀ ਹੋਵੇ, ਹਰ ਕੋਈ ਬਚਾਇਆ ਜਾਵੇਗਾ।

ਉਨ੍ਹਾਂ ਨੇ ਲੋਕਾਂ ਨੂੰ ਦੱਸਿਆ ਕਿ ਉਹ ਪਾਪੀ ਹਨ ਅਤੇ ਖ਼ੁਦਾ ਦੀ ਸਰਿਸ਼ਟੀ ਦੇ ਸਾਹਮਣੇ ਗੁਆਚੇ ਹੋਏ ਹਨ। ਉਨ੍ਹਾਂ ਨੇ ਮੰਨ ਲਿਆ ਕਿ ਉਹ ਪਾਪ ਵਿਚ ਹਨ ਅਤੇ ਉਨ੍ਹਾਂ ਨੇ ਉਸ ਪਾਪ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਜਾਣਨ ਦੀ ਬੇਨਤੀ ਕੀਤੀ। ਉਹ ਖ਼ੁਦਾ ਦੇ ਬਗੈਰ ਅਤੇ ਬੇਆਸੇ ਨਹੀਂ ਮਰਨਾ ਚਾਹੁੰਦੇ ਸਨ। ਫੇਰ, ਅਸੀਂ ਪੁੱਛਦੇ ਹਾਂ ਕਿ ਉਨ੍ਹਾਂ ਪ੍ਰਚਾਰਕਾਂ ਨੇ ਕੀ ਕਿਹਾ? ''ਬਚਾਏ ਜਾ ਕੇ ਆਪਣੀ ਪਸੰਦ ਦੀ ਕਲੀਸੀਆ ਵਿਚ ਸ਼ਾਮਿਲ ਹੋ ਜਾਓ?'' ਬਹੁਤ ਸਾਰੇ ਨੇਕਨੀਅਤ ਲੋਕ ਅੱਜ ਇਵੇਂ ਹੀ ਆਖਦੇ ਹਨ; ਪਰ ਉਸ ਮਾਡਲ ਸਰਮਨ (ਆਦਰਸ਼ ਉਪਦੇਸ਼) ਵਿਚ ਖ਼ੁਦਾ ਦੇ ਪ੍ਰਚਾਰਕਾਂ ਨੇ ਇਵੇਂ ਨਹੀਂ ਦੱਸਿਆ ਸੀ। ਫਿਰ ਉਨ੍ਹਾਂ ਨੇ ਕੀ ਕਿਹਾ ਸੀ, ''ਨਿਰ੍ਹਾ ਵਿਸ਼ਵਾਸ ਕਰੋ, ਤਾਂ ਤੁਸੀਂ ਬਚਾਏ ਜਾਓਗੇ''? ਨਹੀਂ! ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਆਇਤ 38)। ਉਸ ਲਿਖਤ ਨੂੰ ਖ਼ੁਦਾ ਦੀ ਮੰਜ਼ੂਰੀ ਨਾਲ ਨਹੀਂ ਬਦਲਿਆ ਗਿਆ ਸੀ। ਇਹ ਬਾਈਬਲ ਦੀ ਹਰ ਗੱਲ ਨਾਲ ਪੂਰਾ ਪੂਰਾ ਮੇਲ ਖਾਂਦਾ ਹੈ। ਜੇ ਮੈਂ ਇਹ ਆਖਾਂ ਕਿ ਬਚਾਏ ਜਾਣ ਲਈ ਨਿਰਾ ਵਿਸ਼ਵਾਸ ਹੀ ਜ਼ਰੂਰੀ ਹੈ, ਤਾਂ ਮੈਂ ਖ਼ੁਦਾ ਦੇ ਦਿੱਤੇ ਮਾਡਲ ਜਾਂ ਨਮੂਨੇ ਦਾ ਵਿਰੋਧ ਕਰਨ ਵਾਲਾ ਹੋਵਾਂਗਾ। ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿਉਂਕਿ ਬਿਨਾਂ ਵਿਸ਼ਵਾਸ ਜਾਂ ਨਿਹਚਾ ਦੇ ਖ਼ੁਦਾ ਨੂੰ ਭਾਇਆ ਨਹੀਂ ਜਾ ਸਕਦਾ, ਪਰ ਭੂਤ ਵੀ ਤਾਂ ਨਿਹਚਾ ਰੱਖਦੇ ਹਨ। ਹਜ਼ਾਰਾਂ ਲੋਕ ਅਜਿਹੇ ਹਨ ਜਿਹੜੇ ਨਿਹਚਾ ਤਾਂ ਰੱਖਦੇ ਹਨ ਪਰ ਉਹ

ਬਚਾਏ ਨਹੀਂ ਜਾ ਸਕਦੇ। ਐਨਾ ਵਿਸ਼ਵਾਸ ਹੋਣਾ ਜ਼ਰੂਰੀ ਹੈ ਕਿ ਅਗਾਂਹ ਵਧ ਕੇ ਆਪਣੇ ਪਾਪਾਂ ਤੋਂ ਤੌਬਾ ਕਰਕੇ ਉਨ੍ਹਾਂ ਦੀ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਿਆ ਜਾ ਸਕੇ। ਬਾਈਬਲ ਦੀਆਂ ਦੂਜੀਆਂ ਸਭ ਗੱਲਾਂ ਰਸੂਲਾਂ ਦੇ ਕੰਮ 2:38 ਦੇ ਸ਼ਬਦਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀਆਂ ਹਨ, ਕਿਉਂਕਿ ਖ਼ੁਦਾ ਦੇ ਉਸੇ ਆਤਮਾ ਨੇ ਹਰ ਗੱਲ ਨੂੰ ਲਿਖਿਆ।

ਇਸ ਤੋਂ ਇਲਾਵਾ ਹਰ ਕੋਈ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਜੇ ਕੋਈ ਪਾਪੀ ਆਪਣੇ ਪਾਪਾਂ ਤੋਂ ਤੌਬਾ ਕਰਦਾ ਹੈ ਅਤੇ ਆਪਣੇ ਪਾਪਾਂ ਤੋਂ ਮਾਫ਼ੀ ਲਈ ਬਪਤਿਸਮਾ ਲੈਂਦਾ ਹੈ ਤਾਂ ਉਹ ਪਾਪੀ ਬਚਾਇਆ ਜਾਂਦਾ ਹੈ ਭਾਵ ਮਸੀਹੀ ਬਣ ਜਾਂਦਾ ਹੈ ਜਿਸ ਨੂੰ ਨਵਾਂ ਜਨਮ ਮਿਲਿਆ ਹੈ। ਕਿਸੇ ਨੂੰ ਇਸ ਇੰਤਜ਼ਾਮ ਤੇ ਕੋਈ ਸ਼ੱਕ ਨਹੀਂ ਹੈ; ਇਹ ਪੂਰੀ ਤਰ੍ਹਾਂ ਬਾਈਬਲ ਵਿਚ ਦਿੱਤੇ ਖ਼ੁਦਾ ਦੇ ਮਾਡਲ ਜਾਂ ਨਮੂਨੇ ਨਾਲ ਮੇਲ ਖਾਂਦਾ ਹੈ। ਅੱਜ ਲੋਕ ਵੱਖੋ ਵੱਖ ਮਾਡਲ ਜਾਂ ਨਮੂਨੇ ਦੱਸਦੇ ਹਨ ਪਰ ਸਭ ਦਾ ਕਹਿਣਾ ਇਹੀ ਹੈ ਕਿ ਖ਼ੁਦਾ ਦਾ ਦਿੱਤਾ ਨਮੂਨਾ ਹੀ ਸਹੀ ਹੈ। ਅੱਜ ਲੋਕਾਂ ਵੱਲੋ ਵੱਖ ਵੱਖ ਨਮੂਨੇ ਦਿੱਤੇ ਤਾਂ ਜਾਂਦੇ ਹਨ ਪਰ ਉਨ੍ਹਾਂ ਦਾ ਇਹ ਕਹਿਣਾ ਹੈ ਕਿ ਖ਼ੁਦਾ ਦਾ ਨਮੂਨਾ ਹੀ ਸਹੀ ਹੈ। ਭਲਾ ਤੁਸੀਂ ਆਤਮਾ ਨੂੰ ਕਿਸੇ ਅਗਿਆਤ ਮਾਪਕ ਵਿਚ ਢਾਲਣ ਦੀ ਹਿੰਮਤ ਕਰ ਸਕਦੇ ਹੋ? ਅਨਾਦੀਕਾਲ ਦੀ ਖ਼ਾਤਰ ਚੰਗਾ ਤਾਂ ਇਹੀ ਹੋਵੇਗਾ ਕਿ ਅਸੀਂ ਉਸੇ ਮਾਪਕ ਨੂੰ ਵਰਤੀਏ ਜਿਸ ਉੱਤੇ ਕੋਈ ਸ਼ੱਕ ਨਹੀਂ ਹੈ!

ਤਾਂ ਫਿਰ ਖ਼ੁਦਾ ਦੀ ਕਲੀਸੀਆ ਵਿਚ ਦਾਖ਼ਲੇ ਦਾ ਕੀ ਨਿਯਮ ਸੀ? ਪਹਿਲਾ, ਮਸੀਹ ਦਾ ਇਕਰਾਰ ਕੀਤਾ ਜਾਂਦਾ ਸੀ। ਫਿਰ ਪ੍ਰਚਾਰ ਕਰਨ ਵਾਲੇ ਲੋਕਾਂ ਨੂੰ ਤੌਬਾ ਕਰਨ ਅਤੇ ਬਪਤਿਸਮਾ ਲੈਣ ਲਈ ਆਖਦੇ ਸਨ। ਬਾਈਬਲ ਦੱਸਦੀ ਹੈ ਕਿ ਜਿੰਨੇ ਲੋਕਾਂ ਨੇ ਪਤਰਸ ਵੱਲੋਂ ਕੀਤੇ ਖ਼ੁਦਾ ਦੇ ਸੁਣਾਏ ਗਏ ਵਚਨ ਨੂੰ ਮੰਨ ਲਿਆ ਸੀ ਉਨ੍ਹਾਂ ਨੇ ਸਭ ਨੇ ਬਪਤਿਸਮਾ ਲਿਆ ਅਤੇ ਉਸੇ ਦਿਨ ਤਿੰਨ ਹਜ਼ਾਰ ਦੇ ਕਰੀਬ ਲੋਕ ਉਨ੍ਹਾਂ ਵਿਚ ਰਲਾਏ ਗਏ ਸਨ। ਜੇ ਤੁਸੀਂ ਅਤੇ ਮੈਂ ਵੀ ਉਵੇਂ ਹੀ ਕਰੀਏ ਤਾਂ ਕੀ ਹੋਵੇਗਾ? ਜੇ ਸਾਨੂੰ ਇਹ ਪਤਾ ਨਾ ਹੋਵੇ ਕਿ ਅਸੀਂ ਬਚਾਏ ਗਏ ਹਾਂ ਤਾਂ ਸਾਨੂੰ ਇਸਦਾ ਕਿਵੇਂ ਪਤਾ ਲਗ ਸਕਦਾ ਹੈ। ਜੋ ਖ਼ੁਦਾ ਵੱਲੋਂ ਠਹਿਰਾਏ ਨਮੂਨੇ ਨੂੰ ਮੰਨ ਕੇ ਉਸ ਦੇ ਫ਼ਜ਼ਲ ਦੀ ਗਰੰਟੀ ਨਹੀਂ ਹੈ ਤਾਂ ਫਿਰ ਹੋਰ ਕਿਸ ਗੱਲ ਤੇ ਯਕੀਨ ਕੀਤਾ ਜਾ ਸਕਦਾ ਹੈ?

ਰਸੂਲਾਂ ਦੀ ਇਸ ਕਿਤਾਬ ਵਿਚ ਉਸ ਆਦਰਸ਼ ਕਲੀਸੀਆ ਦੇ ਮੈਂਬਰ ਬਣਨ ਦੀਆਂ ਸ਼ਰਤਾਂ ਸਾਫ਼ ਦੱਸੀਆਂ ਗਈਆਂ ਸਨ। ਯਿਸੂ ਦੀ ਜ਼ਿੰਦਗੀ, ਮੌਤ, ਜੀ ਉੱਠਣ ਅਤੇ ਉੱਪਰ ਉਠਾਏ ਜਾਣ ਦੀ ਕਹਾਣੀ ਦੱਸਦਿਆਂ ਇਕ ਉਪਦੇਸ਼ ਦਿੱਤਾ ਗਿਆ ਸੀ। ਇਨ੍ਹਾਂ ਵੱਡੇ ਅਤੇ ਅਹਿਮ ਤੱਥਾਂ ਨੂੰ ਮੰਨ ਲੈਣ ਦੇ ਬਾਅਦ ਵੀ (ਰਸੂਲਾਂ ਦੇ ਕੰਮ 2:36), ਪਾਪੀ ਅਜੇ ਬਚਾਏ ਨਹੀਂ ਗਏ ਸਨ। ਭਾਵ ਅਜੇ ਤਕ ਉਹ ਕਲੀਸੀਆ ਵਿਚ ਨਹੀਂ ਸਨ। ਪਵਿੱਤਰ ਆਤਮਾ ਨੇ ਉਸ ਆਦਰਸ਼ ਕਲੀਸੀਆ ਦੇ ਮੈਂਬਰ ਬਣਨ ਦੀਆਂ ਸ਼ਰਤਾਂ ਵਿਚ ਮਸੀਹ ਵਿਚ ਵਿਸ਼ਵਾਸ ਕਰਨਾ ਹੀ ਨਹੀਂ ਬਲਕਿ ਪਾਪਾਂ ਦੀ ਮਾਫ਼ੀ ਲਈ ਤੌਬਾ ਕਰਨਾ ਅਤੇ ਬਪਤਿਸਮਾ ਲੈਣਾ ਵੀ ਜ਼ਰੂਰੀ ਸੀ। ਜੇ ਉਹ ਕਲੀਸੀਆ ਜਿੱਥੇ ਤੁਸੀਂ ਬੰਦਗੀ ਕਰਦੇ ਹੋ ਸਹੀ ਢੰਗ ਨਾਲ ਮਗਰ ਚੱਲਦੀ ਹੈ ਤਾਂ ਉਸ ਕਲੀਸੀਆ ਦੇ ਮੈਂਬਰ ਬਣਨ ਦੀਆਂ ਸ਼ਰਤਾਂ ਵੀ ਉਹੀ ਹੋਣਗੀਆਂ।

ਉਦਾਹਰਣ ਲਈ ਆਦਰਸ਼ ਕਲੀਸੀਆ ਵਿਚ ਛੋਟੇ ਬੱਚੇ ਮੈਂਬਰ ਨਹੀਂ ਹੁੰਦੇ ਸਨ ਕਿਉਂਕਿ ਹਰ ਮੈਂਬਰ ਨੇ ਵਚਨ ਨੂੰ ''ਮੰਨਿਆ'' ਹੁੰਦਾ ਸੀ (ਰਸੂਲਾਂ ਦੇ ਕੰਮ 2:41)। ਬੇਸ਼ੱਕ ਕਲੀਸੀਆ ਦੇ ਮੈਂਬਰ ਬਣਨ ਲਈ ਕਿਸੇ ਦੇ ਹੱਕ ਵਿਚ ਵੋਟ ਪਾਉਣਾ ਜ਼ਰੂਰੀ ਨਹੀਂ ਸੀ, ਕਿਉਂਕਿ ਅਸੀਂ ਪੜ੍ਹਦੇ ਹਾਂ ਕਿ ਉਸ ਦੇ ਲਈ ਸਿਰਫ਼ ਵਚਨ ਨੂੰ ਮੰਨਣਾ ਹੀ ਜ਼ਰੂਰੀ ਸੀ।

ਇਸ ਤੋਂ ਇਲਾਵਾ ਆਦਰਸ਼ ਕਲੀਸੀਆ ਦੇ ਸਮੇਂ ਵਿਚ ਬਚਾਏ ਜਾ ਕੇ ਕਲੀਸੀਆ ਦੇ ਮੈਂਬਰ ਨਾ ਬਣਨ ਵਾਲੀ ਕੋਈ ਸੋਚ ਨਹੀਂ ਸੀ। ਇਸ ਦੇ ਉਲਟ ਕੋਈ ਕਲੀਸੀਆ ਵਿਚ ਉਦੋਂ ਤਕ ਨਹੀਂ ਹੁੰਦਾ ਸੀ ਜਦ ਤਕ ਉਹ ਬਚਾਇਆ ਨਾ ਜਾਵੇ, ਅਤੇ ਬਚਾਏ ਜਾਣ ਸਾਰ ਹੀ ਪ੍ਰਭੂ ਉਸ ਨੂੰ ਕਲੀਸੀਆ ਵਿਚ ਰਲਾ ਲੈਂਦਾ ਸੀ (ਰਸੂਲਾਂ ਦੇ ਕੰਮ 2:47)।

## ਵਿਸ਼ਵਾਸ ਦੇ ਇੱਕੋ ਨਿਯਮ ਲਈ ਖ਼ੁਦਾ ਦਾ ਨਮੂਨਾ

ਆਦਰਸ਼ ਕਲੀਸੀਆ ਦਾ ਨਿਹਚਾ ਦਾ ਨਿਯਮ ਜਾਂ ਅਕੀਦਾ ''ਰਸੂਲਾਂ ਦੀ ਸਿੱਖਿਆ'' ਹੀ ਸੀ। (ਰਸੂਲਾਂ ਦੇ ਕੰਮ 2:42)। ਇਹਦਾ ਮਤਲਬ ਇਹ ਹੋਇਆ ਕਿ ਆਦਰਸ਼ ਕਲੀਸੀਆ ਵਿਚ ਮੈਂਬਰਾਂ ਨੂੰ ਇਸ ਗੱਲ ਦੀ ਸਮਝ ਸੀ ਕਿ ਉਨ੍ਹਾਂ ਉੱਤੇ ਨਾ ਤਾਂ ਮੂਸਾ ਦੀ ਸਿੱਖਿਆ, ਨਾ ਸੁਲੇਮਾਨ ਦੀ, ਨਾ ਦਾਊਦ ਦੀ, ਅਤੇ ਨਾ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸਿੱਖਿਆ ਲਾਗੂ ਹੁੰਦੀ ਸੀ। ਜੇ ਤੁਹਾਡੀ ਕਲੀਸੀਆ ਜੋਜ਼ਫ਼ ਸਮਿੱਥ, ਮੇਰੀ ਬੇਕਰ ਐਡੀ, ਐਲਨ ਜੀ. ਵਾਈਟ, ਜੌਨ ਵੈਸਲੀ, ਮਾਰਟਿਨ ਲੂਥਰ, ਅਲਗਜ਼ੈਂਡਰ ਕੈਂਪਬੈਲ, ਚਰਚ ਕੌਂਸਿਲਾਂ, ਪੋਪ ਜਾਂ ਕਲੀਸੀਆ ਦੇ ਬਜ਼ੁਰਗਾਂ ਰਾਹੀਂ ਚਲਾਈ ਜਾਂਦੀ ਹੈ ਤਾਂ ਇਹ ਸਿੱਖਿਆ ਇਕ ਅਜਿਹਾ ਬੋਝ ਹੈ ਜਿਸ ਦੀ ਆਦਰਸ਼ ਕਲੀਸੀਆ ਨੂੰ ਕੋਈ ਜਾਣਕਾਰੀ ਨਹੀਂ ਸੀ। ਆਦਰਸ਼ ਕਲੀਸੀਆ ਦੇ ਲੋਕਾਂ ਨੂੰ ਝੂਠ ਦੀ ਆਤਮਾ ਤੋਂ ਇੱਕੋ ਹੀ ਗੱਲ ਵੱਖ ਕਰਦੀ ਸੀ ਅਤੇ ਉਹ ਇਹ ਸੀ ਕਿ ''ਕੀ ਰਸੂਲਾਂ ਦੀ ਇਹੀ ਸਿੱਖਿਆ ਹੈ?'' (ਵੇਖੋ 1 ਯੂਹੰਨਾ 4:6.)

## ਸੰਗਤੀ ਲਈ ਖ਼ੁਦਾ ਦਾ ਨਮੂਨਾ

ਆਦਰਸ਼ ਕਲੀਸੀਆ ਵਿਚ ਸੰਗਤੀ ਦੀ ਬਹੁਤਾਇਤ ਅਤੇ ਗਹਿਰਾਈ ਸੀ ਭਾਵ ਸੱਚੇ ਦਿਲੋਂ ਇਕ ਦੂਜੇ ਨਾਲ ਮੇਲ-ਜੋਲ ਸੀ। ਓਸੇ ਸਮਿਆਂ ਦੌਰਾਨ ਮੈਂਬਰਾਂ ਨੇ ਕਲੀਸੀਆ ਦੀ ਖ਼ਾਤਿਰ ਆਪਣੀ ਜਾਇਦਾਦ ਵੇਚ ਕੇ ਸਭ ਕੁਝ ਕਲੀਸੀਆ ਨੂੰ ਦੇ ਦਿੱਤਾ (ਰਸੂਲਾਂ ਦੇ ਕੰਮ 2:44, 45)।ਆਮ ਹਾਲਾਤ ਵਿਚ ਉਨ੍ਹਾਂ ਕੋਲ ਆਪਣੇ ਪਰਿਵਾਰਾਂ ਦੀ ਦੇਖਭਾਲ ਲਈ ਕਾਫ਼ੀ ਹੁੰਦਾ ਸੀ (1 ਤਿਮੋਥਿਉਸ 5:8, 16)। ਦੋਹਾਂ ਹੀ ਹਾਲਤਾਂ ਵਿਚ ਭਾਈਆਂ ਲਈ ਪਿਆਰ (1 ਪਤਰਸ 1:22) ਅਤੇ ਮਸੀਹ ਲਈ ਪਿਆਰ ਦੀ ਪ੍ਰੇਰਣਾ ਤੇ ਅਧਾਰਤ ਹੋਈ ਸੀ (2 ਕੁਰਿੰਥੀਆਂ 8:8)।

## ਪ੍ਰਭੂ ਭੋਜ ਲਈ ਖ਼ੁਦਾ ਦਾ ਨਮੂਨਾ

ਆਦਰਸ਼ ਕਲੀਸੀਆ ਦੇ ਮੈਂਬਰ ਹਫ਼ਤੇ ਦੇ ਪਹਿਲੇ ਦਿਨ ਸੰਡੇ ਸਕੂਲ ਲਈ ਨਹੀਂ (ਭਾਵੇਂ ਇਹ ਚੰਗਾ ਹੈ), ਪ੍ਰਚਾਰਕ ਨੂੰ ਸੁਣਨ ਲਈ ਨਹੀਂ (ਭਾਵੇਂ ਇਹ ਵੀ ਚੰਗਾ ਹੈ) ਬਲਕਿ ਇਹ ਯਾਦਗਾਰੀ ਲਈ ਭੋਜ ਵਿਚ ਹਿੱਸਾ ਲੈਣ ਲਈ ਇਕੱਠੇ ਹੁੰਦੇ ਸਨ (ਰਸੂਲਾਂ ਦੇ ਕੰਮ 20:7)। ਜਿਸ ਕਲੀਸੀਆ ਵਿਚ ਤੁਸੀਂ ਬੰਦਗੀ ਕਰਦੇ ਹੋ ਭਲਾ ਉਹ ਹਰ ਐਤਵਾਰ (ਜਾਂ ਪ੍ਰਭੂ ਦੇ ਦਿਨ) ਪ੍ਰਭੂ ਭੋਜ ਲੈਂਦੀ ਹੈ? ਜੇ ਉਸ ਨੇ ਆਦਰਸ਼ ਕਲੀਸੀਆ ਵੱਲੋਂ ਰਸੂਲਾਂ ਦੀ ਸਿੱਖਿਆ ਨੂੰ ਮੰਨੇ ਜਾਣ ਤੋਂ ਆਪਣੇ ਆਪ ਨੂੰ ਬਦਲ ਲਿਆ ਹੈ, ਤਾਂ ਤੁਹਾਨੂੰ ਚਾਹੀਦਾ ਹੈ ਕਿ ਉਸ ਕਲੀਸੀਆ ਨੂੰ ਛੱਡ ਦਿਓ।

## ਕਲੀਸੀਆ ਵਿਚ ਬੰਦਗੀ ਲਈ ਖ਼ੁਦਾ ਦਾ ਨਮੂਨਾ

ਉਸ ਆਦਰਸ਼ ਕਲੀਸੀਆ ਵਿਚ ਬਚਾਏ ਜਾਣ ਦੇ ਬਾਅਦ ਲੋਕ ਕੀ ਕਰਦੇ ਸਨ? ਉਹ ਬੰਦਗੀ ਕਿਵੇਂ ਕਰਦੇ ਸਨ? ਸਾਨੂੰ ਇਹ ਕਿਆਫ਼ੇ ਲਾਉਣ ਦੀ ਲੋੜ ਨਹੀਂ ਹੈ ਕਿ ਮੁੱਢਲੇ ਮਸੀਹੀ ਲੋਕ ਬੰਦਗੀ ਕਿਵੇਂ ਕਰਦੇ ਸਨ, ਕਿਉਂਕਿ ਬਾਈਬਲ ਖ਼ੁਦਾ ਨੂੰ ਕਬੂਲ ਬੰਦਗੀ ਦਾ ਨਮੂਨਾ ਠਹਿਰਾ ਦਿੰਦੀ ਹੈ। ਰਸੂਲਾਂ ਦੇ ਕੰਮ 2:42 ਸਾਨੂੰ ਦੱਸਦਾ ਹੈ ਕਿ ''ਉਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿਚ ਅਤੇ ਰੋਟੀ ਤੋੜਨ ਅਰ ਪ੍ਰਾਰਥਨਾ ਕਰਨ ਵਿਚ ਲੱਗੇ ਰਹੇ।''

ਉਹ ਲੋਕ ਆਤਮਾ ਦੀ ਪ੍ਰੇਰਣਾ ਪਾਏ ਪ੍ਰਚਾਰਕਾਂ ਦੀ ਸਿੱਖਿਆ ਵਿਚ ਬਣੇ ਰਹੇ। ਨਾ ਤਾਂ ਉਹ ਕਿਸੇ ਡਿਨੋਮੀਨੇਸ਼ਨ ਦੀ ਸਿੱਖਿਆ ਨੂੰ ਮੰਨਦੇ ਸਨ ਅਤੇ ਨਾ ਹੀ ਮਨੁੱਖਾਂ ਦੇ ਬਣਾਏ ਅਕੀਦੇ ਵਾਲੀ ਕਿਸੇ ਕਿਤਾਬ ਨੂੰ। ਰਸੂਲਾਂ ਦੀ ਸਿੱਖਿਆ ਸਹੀ ਸੀ ਅਤੇ ਇਹ ਓਨੀ ਹੀ ਜ਼ਰੂਰੀ ਸੀ ਜਿੰਨੀ ਖ਼ੁਦਾ ਚਾਹੁੰਦਾ ਸੀ।

ਰਸੂਲਾਂ ਦੀ ਸਿੱਖਿਆ ਤੋਂ ਛੁੱਟ ਕੋਈ ਵੀ ਹੋਰ ਸਿੱਖਿਆ ਸਹੀ ਨਹੀਂ ਹੋ ਸਕਦੀ (ਵੇਖੋ ਮੱਤੀ

10:14, 15, 40; 15:13)। ਅੱਜ ਬਹੁਤ ਸਾਰੀਆਂ ਕਲੀਸੀਆ ਆਪਣੇ ਆਪ ਨੂੰ ਮੌਜੂਦਾ ਘਟਨਾਵਾਂ ਨਾਲ ਜੋੜੀ ਰੱਖਦੀਆਂ ਹਨ ਅਤੇ ਉਨ੍ਹਾਂ ਦੇ ਪਾਸਟਰ ਸਿਆਸੀ ਹਾਲਾਤ ਉੱਤੇ ਭਾਸ਼ਣ ਦਿੰਦੇ ਹਨ। ਵੱਡੀਆਂ ਵੱਡੀਆਂ ਡਿਨੋਮੀਨੇਸ਼ਨਾਂ ਰਸੂਲਾਂ ਦੀ ਸਿੱਖਿਆ ਵਿਚ ਬਣੇ ਰਹਿਣ ਤੋਂ ਇਨਕਾਰ ਹੀ ਨਹੀਂ ਕਰਦੀਆਂ, ਬਲਕਿ ਮਸੀਹੀ ਹੋਣ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਲੋਕ ਬਾਈਬਲ ਦਾ ਅਧਿਐਨ ਹੀ ਲਗਾਤਾਰ ਨਹੀਂ ਕਰਦੇ। ਬਹੁਤ ਸਾਰੇ ਲੋਕ ਹਫ਼ਤਾਵਾਰੀ ਸੰਡੇ ਸਕੂਲ ਦੇ ਸਬਕ ਨਾਲ ਆਪਣੇ ਆਪ ਨੂੰ ਖੁਸ਼ ਕਰ ਲੈਂਦੇ ਹਨ। ਸੱਜਣੋ, ਧਰਮ ਵਿਚ ਕੋਈ ਬੰਦਾ ਜੇ ਰਸੂਲਾਂ ਦੀ ਸਿੱਖਿਆ ਦਾ ਅਧਿਐਨ ਕਰਨਾ ਜਾਰੀ ਨਹੀਂ ਰੱਖਦਾ ਤਾਂ ਉਹ ਸਹੀ ਨਹੀਂ ਹੋ ਸਕਦਾ ਕਿਉਂਕਿ ਉਹਨੂੰ ਹੋਰ ਕਿਸੇ ਵੀ ਤਰੀਕੇ ਨਾਲ ਪਤਾ ਹੀ ਨਹੀਂ ਲੱਗ ਸਕਦਾ ਕਿ ਸਹੀ ਕੀ ਹੈ।

ਕਲੀਸੀਆ ਦੇ ਸ਼ੁਰੂਆਤੀ ਮੈਂਬਰ, ਰਸੂਲਾਂ ਦੀ ਸਿੱਖਿਆ ਨੂੰ ਮੰਨ ਕੇ ਸੰਗਤੀ ਵਿਚ ਬਣੇ ਰਹਿਣ ਲਈ ਇਕ ਦੂਜੇ ਨਾਲ ਸਹਿਭਾਗੀ ਅਤੇ ਇਕ ਦੂਜੇ ਦੇ ਅੰਗ ਸਨ। ਇਸ ਕਰਕੇ ਸੰਗਤੀ ਵਿਚ ਉਹ ਆਪਣੀ ਕਮਾਈ ਵਿੱਚੋਂ ਦਿਲ ਖੋਲ੍ਹ ਕੇ ਦਿੰਦੇ ਸਨ। ਉਹ ਖਾਣਾ ਦੇਣ ਜਾਂ ਕਲੀਸੀਆ ਦੀ ਕਿਸੇ ਹੋਰ ਯੋਜਨਾ ਨੂੰ ਅਪਣਾਉਣ ਵਿਚ ਮਸਰੂਫ਼ ਨਹੀਂ ਰਹਿੰਦੇ ਸਨ ਬਲਕਿ ਆਪਣੇ ਦਿਲਾਂ ਨੂੰ ਦਿੰਦੇ ਸਨ।

ਰਸੂਲਾਂ ਦੀ ਸਿੱਖਿਆ ਨਾਲ ਮੁੱਢਲੇ ਮਸੀਹੀ ਲੋਕਾਂ ਦੀ ਰੋਟੀ ਤੋੜਨ ਵਿਚ ਭਾਵ ਪ੍ਰਭੂ ਭੋਜ ਮਨਾਉਣ ਲਈ ਬਣੇ ਰਹਿਣ ਵਿਚ ਅਗਵਾਈ ਹੁੰਦੀ ਸੀ। ਬਿਨਾਂ ਰਸੂਲਾਂ ਦੀ ਸਿੱਖਿਆ ਦੇ ਉਨ੍ਹਾਂ ਨੂੰ ਇਹ ਪਤਾ ਨਹੀਂ ਲਗ ਸਕਦਾ ਸੀ ਕਿ ਉਨ੍ਹਾਂ ਨੂੰ ਰੋਟੀ ਤੋੜਨ ਵਿਚ ਲੱਗੇ ਰਹਿਣਾ ਚਾਹੀਦਾ ਹੈ। ਅੱਜ ਬਹੁਤ ਸਾਰੇ ਲੋਕ ਕਈ ਕਈ ਹਫ਼ਤਿਆਂ ਬਾਅਦ ਰੋਟੀ ਤੋੜਦੇ ਹਨ; ਪਰ ਸ਼ੁਰੂ ਵਿਚ ਰਸੂਲ ਕਲੀਸੀਆ ਦੇ ਨਮੂਨੇ ਮੁਤਾਬਿਕ ਹੀ ਰੋਟੀ ਤੋੜਦੇ ਸਨ। ਇਬਰਾਨੀਆਂ 10:25, 1 ਕੁਰਿੰਥੀਆਂ 16:2, ਰਸੂਲਾਂ ਦੇ ਕੰਮ 20:7 ਤੋਂ ਸਾਨੂੰ ਪਤਾ ਲਗਦਾ ਹੈ ਕਿ ਰਸੂਲਾਂ ਦੀ ਸਿੱਖਿਆ ਨਾਲ ਹੀ ਮਸੀਹੀ ਲੋਕਾਂ ਨੂੰ ਹਫ਼ਤੇ ਦੇ ਪਹਿਲੇ ਦਿਨ ਰੋਟੀ ਤੋੜਨ ਲਈ ਇਕੱਠੇ ਹੁੰਦੇ ਰਹਿਣ ਵਿਚ ਅਗਵਾਈ ਮਿਲੀ ਸੀ। ਉਸੇ ਸਿੱਖਿਆ ਨਾਲ ਭਾਵ ਉਨ੍ਹਾਂ ਹੀ ਉਸਤਾਦਾਂ ਤੋਂ ਸਿੱਖ ਕੇ ਯਰੂਸ਼ਲਮ ਦੀ ਕਲੀਸੀਆ ਹਫ਼ਤੇ ਦੇ ਪਹਿਲੇ ਦਿਨ ਰੋਟੀ ਤੋੜਦੀ ਅਤੇ ਪਿਆਲੇ ਵਿੱਚੋਂ ਪੀਂਦੀ ਸੀ। ਖ਼ੁਦਾ ਦਾ ਮੰਜ਼ੂਰਸ਼ੁਦਾ ਸਟੈਂਡਰਡ ਹਰ ਹਫ਼ਤੇ ਭੋਜ ਵਿਚ ਹਿੱਸਾ ਲੈਣਾ ਸੀ। ਅੱਜ ਸਾਨੂੰ ਚਾਹੀਦਾ ਹੈ ਕਿ ਆਪਣੀ ਅਗਵਾਈ ਅਸੀਂ ਠਹਿਰਾਏ ਹੋਏ ਮਾਡਲ ਜਾਂ ਨਮੂਨੇ ਤੋਂ ਨਾ ਡਿੱਗੀਏ।

ਖ਼ੁਦਾ ਦੀ ਆਦਰਸ਼ ਕਲੀਸੀਆ ਦੀ ਬੰਦਗੀ ਵਿਚ ਇਕ ਹੋਰ ਗੱਲ ਸੀ ਕਿ ਇਸ ਵਿਚ ਦੁਆਵਾਂ ਹੁੰਦੀਆਂ ਸਨ; ਉਨ੍ਹਾਂ ਵਿੱਚੋਂ ਵੀ ਵਿਸ਼ਵਾਸੀ ਭਾਈ ਇਸ ਵਿਸ਼ਵਾਸ ਨਾਲ ਦੁਆ ਵਿਚ ਬਣੇ ਰਹਿੰਦੇ ਸਨ ਕਿ ਉਨ੍ਹਾਂ ਦੀਆਂ ਬੇਨਤੀਆਂ ਤੋਂ ਬੜਾ ਲਾਭ ਹੁੰਦਾ ਹੈ। ਅੱਜ ਬਹੁਤ ਸਾਰੇ ਅਖੌਤੀ ਮਸੀਹੀ ਅਤੇ ਪ੍ਰਚਾਰਕ ਦੁਆ ਵਿਚ ਯਕੀਨ ਨਹੀਂ ਰੱਖਦੇ; ਉਹ ਆਧੁਨਿਕਤਾਵਾਦੀ ਮਸੀਹੀ ਹਨ; ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ ਕਿ ਦੁਨੀਆਂ ਨੂੰ ਚਲਾਉਣ ਵਿਚ ਦੁਆ ਕਿਵੇਂ ਬਦਲਾਅ ਲਿਆ ਸਕਦੀ ਹੈ। ਅਸੀਂ ਇੱਥੇ ਦੁਆ ਦੀ ਅਹਿਮੀਅਤ ਤੇ ਚਰਚਾ ਨਹੀਂ ਕਰਾਂਗੇ। ਪਰ ਯਾਦ ਰੱਖਣਾ ਜ਼ਰੂਰੀ ਹੈ ਕਿ ਧਰਤੀ ਉੱਤੇ ਪਹਿਲੀ ਕਲੀਸੀਆ ਭਾਵ ਖ਼ੁਦਾ ਦੀ ਪ੍ਰੇਰਣਾ ਪਾਏ ਲੋਕਾਂ ਕੋਲੋਂ ਸਿੱਖਿਆ ਪਾਈ ਕਲੀਸੀਆ ਦੇ ਲੋਕ ਦੁਆ ਕਰਨ ਵਿਚ ਲੱਗੇ ਰਹਿੰਦੇ ਸਨ। ਸਾਨੂੰ ਚਾਹੀਦਾ ਹੈ ਕਿ ਉਸ ਆਦਰਸ਼ ਤੋਂ ਜਿਹੜਾ ਸਾਡੇ ਅੱਗੇ ਰੱਖਿਆ ਗਿਆ ਹੈ, ਨਾ ਡਿੱਗੀਏ।

ਰਸੂਲਾਂ ਨੇ ਮਸੀਹੀ ਲੋਕਾਂ ਨੂੰ ਖ਼ੁਦਾ ਅਤੇ ਇਕ ਦੂਜੇ ਅੱਗੇ ਆਪਣੇ ਦਿਲਾਂ ਦੇ ਸੁਰ ਨਾਲ ਜ਼ਬੂਰ, ਭਜਨ ਅਤੇ ਆਤਮਿਕ ਗੀਤ ਗਾਉਣਾ ਸਿਖਾਇਆ ਸੀ। ਜਿਹੜੀ ਗੱਲ ਉਨ੍ਹਾਂ ਇਕ ਥਾਂ ਦੀ ਕਲੀਸੀਆ ਨੂੰ ਸਿਖਾਈ ਉਹੀ ਹਰ ਥਾਂ ਦੀ ਕਲੀਸੀਆ ਨੂੰ ਸਿਖਾਈ ਜਾਂਦੀ ਸੀ।

## ਖ਼ੁਦਾ ਦੇ ਨਮੂਨੇ ਦੀਆਂ ਹੋਰ ਖੂਬੀਆਂ

ਆਦਰਸ਼ ਕਲੀਸੀਆ ਖ਼ੁਦਾ ਦੀ ਅਗਵਾਈ ਤੇ ਸੀ ਜਿਵੇਂ ਕਿ ਦੁਆ ਤੇ ਜ਼ੋਰ ਦੇਣ ਤੋਂ ਪਤਾ ਲਗਦਾ ਹੈ (ਰਸੂਲਾਂ ਦੇ ਕੰਮ 2:42; 4:24; 12:12)। ਆਦਰਸ਼ ਕਲੀਸੀਆ ਵਿਚ, ਇਕ ਚਿੱਤ ਹੋਣ ਅਤੇ ਏਕਤਾ ਨਾਲ ਸਾਰੇ ਮੈਂਬਰ ਇਕ ਕਲੀਸੀਆ ਸਨ (ਰਸੂਲਾਂ ਦੇ ਕੰਮ 4:32)। ਜਿਸ ਕਰਕੇ ਇਕ ਮਨ ਅਤੇ ਇਕ ਅਵਾਜ਼ ਹੋ ਕੇ ਉਹ ਆਪਣੇ ਖ਼ੁਦਾ ਦੀ ਵਡਿਆਈ ਕਰ ਸਕਦੇ ਹਨ (ਰੋਮੀਆਂ 15:6)। ਜੇ ਉਹ ਕਲੀਸੀਆ ਜਿੱਥੇ ਤੁਸੀਂ ਬੰਦਗੀ ਕਰਦੇ ਹੋ ਫ਼ਿਰਕਿਆਂ ਵਿੱਚੋਂ ਇਕ ਫ਼ਿਰਕਾ, ਕਲੀਸੀਆਵਾਂ ਵਿੱਚੋਂ ਇਕ ਕਲੀਸੀਆ, ਡਿਨੋਮੀਨੇਸ਼ਨਾਂ ਵਿੱਚੋਂ ਇਕ ਡਿਨੋਮੀਨੇਸ਼ਨ, ਭਾਵ ''ਉਸ ਅਦਿੱਖ ਕਲੀਸੀਆ'' ਦੀ ਅਖੌਤੀ ਸ਼ਾਖਾ ਹੈ, ਤਾਂ ਇਹ ਆਦਰਸ਼ ਕਲੀਸੀਆ ਨਹੀਂ ਹੈ।

ਆਦਰਸ਼ ਕਲੀਸੀਆ ਵਿਚ ਅਨੁਸ਼ਾਸਨ ਹੁੰਦਾ ਸੀ। ਅਯੋਗ ਮੈਂਬਰਾਂ ਨੂੰ ਸੰਗਤੀ ਵਿੱਚੋਂ ਕੱਢ ਦਿੱਤਾ ਜਾਂਦਾ ਸੀ (ਵੇਖੋ ਰਸੂਲਾਂ ਦੇ ਕੰਮ 5:1–11; 1 ਕੁਰਿੰਥੀਆਂ 5:13)। ਇਸ ਆਦਰਸ ਕਲੀਸੀਆ ਵਿਚ ਇੰਜੀਲ ਦੇ ਪ੍ਰਚਾਰ ਦਾ ਜੋਸ਼ ਵੀ ਸੀ। ''ਹਰ ਫੁੱਲ ਟਾਈਮ ਪ੍ਰਚਾਰਕ'' ਨਹੀਂ ਬਲਕਿ ਹਰ ਮੈਂਬਰ (ਰਸੂਲਾਂ ਦੇ ਕੰਮ 8:4) ਬਚਾਏ ਜਾ ਕੇ ਐਨਾ ਖੁਸ਼ ਸੀ ਕਿ ਉਹਦਾ ਦਿਲ ਕਰਦਾ ਸੀ ਕਿ ਦੂਜੇ ਲੋਕ ਵੀ ਬਚਾਏ ਜਾਣ। ਆਰੰਭਿਕ ਮਸੀਹੀ ਲੋਕ ਹਰ ਰੋਜ਼ (ਰਸੂਲਾਂ ਦੇ ਕੰਮ 5:28, 42), ਯਿਸੂ ਬਾਰੇ ਦੱਸਣ ਤੋਂ ਨਹੀਂ ਰੁਕੇ, ਜਿਸ ਕਰਕੇ ਉਨ੍ਹਾਂ ਨੇ ਸਾਰੇ ''ਯਰੂਸ਼ਲਮ ਨੂੰ ਆਪਣੀ ਸਿੱਖਿਆ ਨਾਲ ਭਰ ਦਿੱਤਾ।'' ਇਸ ਤੋਂ ਇਲਾਵਾ ਆਦਰਸ਼ ਕਲੀਸੀਆ ਵਿਚ ਸੱਚੀ ਖੁਸ਼ੀ ਸੀ। ''ਉਹ ਖੁਸ਼ੀ ਅਤੇ ਸਿੱਧੇ ਮਨ ਨਾਲ'' (ਰਸੂਲਾਂ ਦੇ ਕੰਮ 2:46) ਖ਼ੁਦਾ ਦੀ ਵਡਿਆਈ ਕਰਦੇ ਅਤੇ ਸਹੀ ਸੋਚ ਵਾਲੇ ਲੋਕਾਂ ਵਿਚ ਹਰਮਨ ਪਿਆਰੇ ਸਨ।

## ਸਾਰ

ਸਭ ਡਿਨੋਮੀਨੇਸ਼ਨਾਂ ਨਾਲੋਂ ਨਾਤਾ ਤੋੜ ਕੇ, ਖ਼ੁਦਾ ਦੀ ਮੰਜ਼ੂਰਸ਼ੁਦਾ ਆਦਰਸ਼ ਕਲੀਸੀਆ ਵੱਲ ਆ ਜਾਓ, ਅਤੇ ਆਪਣੇ ਆਪ ਨੂੰ ਇਸ ਨਾਲ ਮਿਲਾਓ। ਅਸੀਂ ਸਭ ਉਸ ਇਲਾਹੀ ਨਮੂਨੇ ਵੱਲ ਵਾਪਸ ਆ ਜਾਈਏ ਤਾਂ ਮਸੀਹੀਅਤ ਵਿਚ ਕਿੰਨੀ ਸ਼ਾਨਦਾਰ ਏਕਤਾ ਹੋ ਜਾਵੇ! ਅਸੀਂ ਸਭ ਇੱਕੋ ਹੋ ਜਾਵਾਂਗੇ ਅਤੇ ਇੱਕੋ ਹੀ ਘਰ ਵਿਚ ਬੰਦਗੀ ਕਰਨ ਅਤੇ ਪ੍ਰਭੂ ਭੋਜ ਲੈਣ ਲਈ ਤਿਆਰ ਹੋ ਜਾਵਾਂਗੇ। ਜਿਵੇਂ ਗਜ਼ ਵਿਚ ਛੱਤੀ ਇੰਚ ਹੀ ਹੁੰਦੇ ਹਨ ਉਵੇਂ ਹੀ ਆਦਰਸ ਕਲੀਸੀਆ ਹੀ ਇੱਕੋ ਇਕ ਮੰਜ਼ੂਰਸ਼ੁਦਾ ਕਲੀਸੀਆ ਹੈ। ਜਿਵੇਂ ਗਜ਼ਾਂ ਵਿਚ ਫ਼ਰਗ ਨਹੀਂ ਹੁੰਦਾ ਉਵੇਂ ਹੀ ਆਦਰਸ਼ ਕਲੀਸੀਆ ਨਾਲ ਚੱਲਣ ਵਿਚ ਫ਼ਰਕ ਫ਼ਰਕ ਸਿੱਖਿਆਵਾਂ ਦੇਣ ਵਾਲੀਆਂ ਕਲੀਸੀਆਵਾਂ ਨੂੰ ਚੁਣਨ ਦੀ ਲੋੜ ਨਹੀਂ।